a2zpapers.com

Roll No. ..................

**004/A**

Total No. of Questions : 7]

[Total No. of Printed Pages : 3

**SS**

**2038**

**ਸਲਾਨਾ ਪਰੀਖਿਆ ਪ੍ਰਨਾਲੀ**

**PUNJABI (Elective)**

**(Evening Session)**

Time allowed : Three hours

Maximum marks : 90

**ਨੋਟ** : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **004/A** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(vi) **ਸਾਰੇ ਪ੍ਰਸ਼ਨ ਜ਼ਰੂਰੀ ਹਨ ।**

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

1. **ਸਾਰੇ ਪ੍ਰਸ਼ਨ ਜ਼ਰੂਰੀ ਹਨ** । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ ।

(ੳ) ਸ਼ਾਹ ਹੁਸੈਨ ਦੇ ਦੋਹੜੇ ਵਿੱਚ ਆਏ ਸ਼ਬਦ 'ਤਸਬੀ' ਤੋਂ ਕੀ ਭਾਵ ਹੈ ? 1

(ਅ) 'ਕੋਈ ਬੋਲੇ ਰਾਮ ਰਾਮ ਕੋਈ ਖੁਦਾਇ' ਸਲੋਕ ਵਿੱਚ ਜੀਵਾਂ ਨੇ ਆਪੋ-ਆਪਣੇ ਧਰਮਾਂ ਅਨੁਸਾਰ ਪਰਮਾਤਮਾ ਨੂੰ ਕਿਹੜੇ-ਕਿਹੜੇ ਨਾਵਾਂ ਨਾਲ਼ ਸੰਬੋਧਨ ਕੀਤਾ ਹੈ ? 1

(ੲ) 'ਯੂਸਫ਼ ਜ਼ੁਲੇਖਾ' ਕਿੱਸਾ ਕਿਸ ਕਵੀ ਦੀ ਰਚਨਾ ਹੈ ?

(1) ਵਾਰਿਸ ਸ਼ਾਹ
(3) ਗੁਰੂ ਨਾਨਕ ਦੇਵ ਜੀ
(2) ਪੀਲੂ
(4) ਹਾਫ਼ਿਜ਼ ਬਰਖ਼ੁਰਦਾਰ 1

(ਸ) 'ਚੰਡੀ ਦੀ ਵਾਰ' ਦੀ ਨਾਇਕਾ ਦੁਰਗਾ ਦੇਵੀ ਹੈ - ਇਹ ਕਥਨ ਠੀਕ ਹੈ ਜਾਂ ਗਲਤ । 1

(ਹ) 'ਮੇਰੇ ਬੱਚੇ ਮੇਰਾ ਮੁਹਾਂਦਰਾ' ਸ੍ਵੈ-ਜੀਵਨੀ ਅੰਸ਼ ਦਾ ਲੇਖਕ ਕੌਣ ਹੈ ? 1

(ਕ) ਕਵਿਤਾ ਵਿੱਚ ਲਿਖਿਆ ਹੋਇਆ ਕਿਹੜਾ ਸ੍ਵੈ-ਜੀਵਨੀ ਅੰਸ਼ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ ? 1

(ਖ) ਨਿੱਕੀ ਕਹਾਣੀ ਦਾ ਅੰਤ ਕਿਹੋ ਜਿਹਾ ਹੁੰਦਾ ਹੈ ? 1

(ਗ) ਛੰਦ ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ ? ਨਾਂ ਦੱਸੋ । 1

(ਘ) 'ਹੁਸਨ ਓਸ ਦਾ ਮੈਂ ਕੀ ਆਖਾਂ' ਕਾਵਿ-ਸਤਰ ਵਿੱਚ ਕਿਹੜਾ ਅਲੰਕਾਰ ਹੈ ? 1

(ਙ) ਸ਼ਿੰਗਾਰ ਰਸ ਦਾ ਸਥਾਈ ਭਾਵ ਕੀ ਹੈ ? 1

10×1=10



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



2. ਹੇਠ ਦਿੱਤੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਦੋ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਤੋਬਾ ਨਾ ਕਰ ਯਾਰ ! ਕੈਸੀ ਤੋਬਾ ਹੈ
ਨਿੱਤ ਪੜ੍ਹਦੇ ਇਸਤਗਫ਼ਾਰ, ਕੈਸੀ ਤੋਬਾ ਹੈ ।
ਸਾਵੀਂ ਦੇ ਕੇ ਲਹੋ ਸਵਾਈ, ਡਿਉਢੀਆਂ 'ਤੇ ਬਾਜ਼ੀ ਲਾਈ
ਇਹ ਮੁਸਲਮਾਨੀ ਕਿੱਥੋਂ ਪਾਈ, ਇਹ ਤੁਹਾਡਾ ਕਿਰਦਾਰ
ਕੈਸੀ ਤੋਬਾ ਹੈ । 8

(ਅ) ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥
ਲਾਗੂ ਹੋਏ ਦੁਸ਼ਮਨਾ ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥ 8

(ੲ) ਅੱਗੋਂ ਮਿਰਜ਼ਾ ਬੋਲਦਾ ; ਤੂੰ ਸੁਣ ਜਾਮ ਲੁਹਾਰ ।
ਕਿਆ ਸੁੱਤਾ ਕਿਆ ਜਾਗਦਾ, ਕੀ ਤੂੰ ਗਇਆ ਪਵਾਰ ।
ਮਜੂਰੀ ਲੈ ਲਈਂ ਆਪਣੀ, ਕਿੱਲੀਆਂ ਦੇਈਂ ਹਜ਼ਾਰ ।
ਜੇ ਤੂੰ ਭਾਈ ਧਰਮ ਦਾ, ਸਾਹਿਬਾਂ ਟੋਰੀਂ ਨਾਲ਼ । 8

(ਸ) ਇਕਤੁ ਦਿਹਾੜੈ ਆਈ ਨਾਵ੍ਹਣ ਦੁਰਗਸ਼ਾਹ ।
ਦੈਵੀਂ ਬ੍ਰਿਥਾ ਸੁਣਾਈ ਆਪਣੇ ਹਾਲ ਦੀ -
ਛੀਨ ਲਈ ਠਕੁਰਾਈਂ ਸਾਤੇ ਦਾਨਵੀਂ
ਲੋਕੀਂ ਤਿਹੀ ਫਿਰਾਈ ਦੋਹੀਂ ਆਪਣੀ
ਬੈਠੇ ਥਾਇ ਵਧਾਈ ਤੇ ਅਮਰਾਵਤੀ
ਦਿੱਤੇ ਦੇਵ ਭਜਾਈ ਸਭਨਾਂ ਰਾਕਸ਼ਾਂ । 8

8+8=16

3. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਦਿਲਹੁ ਮੁਹਬਤਿ ਜਿਨ ਸੇਈ ਸਚਿਆ - (ਸ਼ੇਖ ਫਰੀਦ) 5

(ਅ) ਪਵਣੁ ਗੁਰੂ ਪਾਣੀ ਪਿਤਾ - (ਸ੍ਰੀ ਗੁਰੂ ਨਾਨਕ ਦੇਵ ਜੀ) 5

(ੲ) ਯੂਸਫ਼ ਦੀ ਖ਼ੂਬਸੂਰਤੀ ਦੀ ਪ੍ਰਸ਼ੰਸਾ - (ਹਾਫਿਜ਼ ਬਰਖ਼ੁਰਦਾਰ) 5

5×1=5

4. (ੳ) ਪੰਜਾਬੀ ਸੂਫ਼ੀ ਕਾਵਿ-ਧਾਰਾ ਦੇ ਮੁੱਢ ਅਤੇ ਵਿਕਾਸ ਬਾਰੇ ਇੱਕ ਵਿਸਤ੍ਰਿਤ ਨੋਟ ਲਿਖੋ । 15

ਜਾਂ

(ਅ) 'ਜੰਗਨਾਮਾ ਸ਼ਾਹ ਮੁਹੰਮਦ' ਦੇ ਕਾਵਿਕ ਗੁਣਾਂ ਦਾ ਵਰਣਨ ਕਰਦੇ ਹੋਏ ਸੰਖੇਪ ਜਾਣਕਾਰੀ ਦਿਉ । 15

15×1=15



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



**5.** 'ਆਪ-ਬੀਤੀਆਂ' ਪਾਠ-ਪੁਸਤਕ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) 'ਜਿਹੜੀ ਜਾਣ - ਪਛਾਣ ਬਚਪਨ ਵਿੱਚ ਪੱਲੇ ਪੈਂਦੀ ਹੈ, ਉਹੋ ਤੋੜ ਨਿਭਦੀ ਹੈ ।' ਪ੍ਰਿੰ. ਤੇਜਾ ਸਿੰਘ ਨੇ ਇਹ ਟਿੱਪਣੀ ਕਿਹੜੇ ਪ੍ਰਸੰਗ ਵਿੱਚ ਕੀਤੀ ਹੈ ? 4

(ਅ) ਦਿੱਲੀ ਦੇ ਡਿਪਟੀ ਕਮਿਸ਼ਨਰ ਲੱਗਣ ਉਪਰੰਤ ਡਾ. ਰੰਧਾਵਾ ਨੇ ਪੇਸ਼ਗੀ ਕਿਰਾਇਆ ਦੱਬਣ ਵਾਲੇ ਲਾਲਾ ਜੀ ਨੂੰ ਕਿਵੇਂ ਸਬਕ ਸਿਖਾਇਆ ? 4

(ੲ) 'ਬਹੁਤ ਸਾਰੇ ਕੁੱਤੀਆਂ ਵਿੱਚ ਛੇਵੀਂ ਸੂਝ ਹੁੰਦੀ ਹੈ । ਸਾਡੇ ਸਿੰਬੇ ਵਿੱਚ ਸੱਤਵੀਂ ਅਤੇ ਅੱਠਵੀਂ ਵੀ ਸੀ ।' ਇਹ ਕਥਨ ਸਾਬਤ ਕਰਨ ਲਈ ਲੇਖਕ ਨੇ ਜਿਹੜੀ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ । 4

(ਸ) ਬਲਵੰਤ ਗਾਰਗੀ ਆਪਣੇ ਬੇਟੇ ਮਨੂੰ ਨੂੰ 'ਗਿਠਮੁਠੀਆਂ ਬਲਵੰਤ' ਕਿਉਂ ਕਹਿੰਦਾ ਹੈ ? 4

(ਹ) 'ਭਗਤ ਸਿੰਘ' ਹੋਰਾਂ ਦੀ ਸ਼ਹੀਦੀ ਬਾਰੇ 'ਮੇਰਾ ਨਾਮਕਰਨ' ਸ੍ਵੈ - ਜੀਵਨੀ ਅੰਸ਼ ਵਿੱਚ ਜੋ ਵੇਰਵੇ ਦਿੱਤੇ ਗਏ ਹਨ, ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ । 4

(ਕ) 'ਆਪਣੀ ਸੋਚ ਦੇ ਗਹਿਰੇ ਸਾਏ' ਸ੍ਵੈ - ਜੀਵਨੀ ਅੰਸ਼ ਦੇ ਆਧਾਰ ਤੇ ਦੱਸੋ ਕਿ ਲੇਖਕ ਨੇ ਸਮੇਂ-ਸਮੇਂ 'ਤੇ ਆਪਣਾ ਜੀਵਨ-ਮਨੋਰਥ ਕੀ ਮਿੱਥਿਆ ਤੇ ਕਿਉਂ ? 4

(ਖ) 'ਮੁੜ੍ਹਕੇ ਦੀ ਖੁਸ਼ਬੋ' ਸ੍ਵੈ-ਜੀਵਨੀ-ਅੰਸ਼ ਤੋਂ ਤੁਹਾਨੂੰ ਕੀ ਸਿੱਖਿਆ ਅਤੇ ਪ੍ਰੇਰਨਾ ਮਿਲਦੀ ਹੈ ? 4

(ਗ) ਆਕਲੈਂਡ ਸਕੂਲ ਦੀ ਪ੍ਰਿੰਸੀਪਲ ਕਿਹੋ-ਜਿਹੀ ਔਰਤ ਸੀ ? ਲੇਖਕਾ ਦੀਆਂ ਬੇਟੀਆਂ ਦੇ ਸਰਟੀਫ਼ਿਕੇਟ ਵੇਖ ਕੇ ਉਸ ਨੇ ਕੀ ਕਿਹਾ ? 4

5×4=20

**6.** ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਸ੍ਵੈ - ਜੀਵਨੀ 12

(ਅ) ਨਾਟਕ 12

(ੲ) ਨਾਵਲ । 12

12×1=12

**7.** ਹੇਠ ਲਿਖਿਆਂ ਉਦਾਹਰਣ ਸਹਿਤ ਪਰਿਭਾਸ਼ਾ ਲਿਖੋ -

(ੳ) ਕਬਿੱਤ ਛੰਦ ਜਾਂ ਕੋਰੜਾ ਛੰਦ 4

(ਅ) ਉਪਮਾ ਅਲੰਕਾਰ ਜਾਂ ਰੂਪਕ ਅਲੰਕਾਰ 4

(ੲ) ਕਰੁਣਾ ਰਸ ਜਾਂ ਵੀਰ ਰਸ । 4

4×3=12



www.a2zpapers.com
www.a2zpapers.com
Download free old Question papers gndu, ptu hp board, punjab board